202676058
8/6/2026

# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,
ਈਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ),
ਪੰਜਾਬ।

ਮੀਮੋ ਨੰਬਰ:- ਸਹਾਇਕ ਡਾਇਰੈਕਟਰ (AQ&T)/09
ਮਿਤੀ,ਐਸ.ਏ.ਐਸ.ਨਗਰ 05-06-2026

ਵਿਸ਼ਾ: ਭਾਰਤੀ ਭਾਸ਼ਾ ਸਮਰ ਕੈਂਪ (BBSC) ਅਧੀਨ ਭਾਰਤੀ ਸੰਕੇਤ ਭਾਸ਼ਾ (Indian Sign Language-ISL) ਦੇ 8 ਦਿਨਾਂ ਆਨਲਾਈਨ ਸਮਰ ਕੈਂਪ ਦੇ ਸੁਚਾਰੂ ਆਯੋਜਨ ਸਬੰਧੀ।

ਸਿੱਖਿਆ ਮੰਤਰਾਲਾ, ਭਾਰਤ ਸਰਕਾਰ ਵੱਲੋਂ ਭਾਰਤੀ ਭਾਸ਼ਾ ਸਮਰ ਕੈਂਪ (BBSC) ਤਹਿਤ ਵਿਦਿਆਰਥੀਆਂ ਵਿੱਚ ਭਾਸ਼ਾਈ ਵਿਭਿੰਨਤਾ, ਸਮਾਵੇਸ਼ੀ ਸਿੱਖਿਆ ਅਤੇ ਸਮਾਜਿਕ ਸੰਵੇਦਨਸ਼ੀਲਤਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਭਾਰਤੀ ਸੰਕੇਤ ਭਾਸ਼ਾ (Indian Sign Language-ISL) ਨੂੰ ਵਾਧੂ ਭਾਸ਼ਾ ਵਜੋਂ ਸਿੱਖਣ ਦੀ ਪਹਿਲ ਕੀਤੀ ਗਈ ਹੈ।

ਇਸ ਸਬੰਧੀ ਆਪ ਜੀ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਆਪਣੇ ਜ਼ਿਲ੍ਹੇ ਅਧੀਨ ਸਮੂਹ ਸਰਕਾਰੀ ਸਕੂਲਾਂ ਵਿੱਚ ਜੂਨ, 2026 ਦੌਰਾਨ ਭਾਰਤੀ ਸੰਕੇਤ ਭਾਸ਼ਾ ਦਾ 8 ਦਿਨਾਂ ਆਨਲਾਈਨ ਸਮਰ ਕੈਂਪ ਸੁਚਾਰੂ ਢੰਗ ਨਾਲ ਆਯੋਜਿਤ ਕਰਵਾਉਣਾ ਯਕੀਨੀ ਬਣਾਇਆ ਜਾਵੇ। ਕੈਂਪ ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਭਾਰਤੀ ਸੰਕੇਤ ਭਾਸ਼ਾ ਦੇ ਮੁੱਢਲੇ ਸੰਕੇਤਾਂ, ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੇ ਸ਼ਬਦਾਂ, ਸੰਚਾਰ ਕੌਸ਼ਲਾਂ ਅਤੇ ਸਮਾਵੇਸ਼ੀ ਸਿੱਖਿਆ ਦੇ ਸਿਧਾਂਤਾਂ ਨਾਲ ਜਾਣੂ ਕਰਵਾਇਆ ਜਾਵੇ।

ਇਸ ਸਬੰਧੀ ਹੇਠ ਲਿਖੇ ਨੁਕਤਿਆਂ ਦੀ ਵਿਸ਼ੇਸ਼ ਤੌਰ 'ਤੇ ਪਾਲਣਾ ਯਕੀਨੀ ਬਣਾਈ ਜਾਵੇ:-

1. ਹਰੇਕ ਸਕੂਲ ਵਿੱਚ ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ (ਛੇਵੀਂ ਤੋਂ ਬਾਰਵੀਂ) ਦੀ ਭਾਰਤੀ ਸੰਕੇਤ ਭਾਸ਼ਾ (ISL) ਸਮਰ ਕੈਂਪ ਵਿੱਚ 100% ਭਾਗੀਦਾਰੀ ਯਕੀਨੀ ਬਣਾਈ ਜਾਵੇ ਅਤੇ ਮਾਪਿਆਂ ਨੂੰ ਵੀ ਇਸ ਪਹਿਲ ਬਾਰੇ ਜਾਗਰੂਕ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਇਸ ਗਤੀਵਿਧੀ ਦੇ ਉਦੇਸ਼ ਨੂੰ ਸਫਲਤਾਪੂਰਵਕ ਪ੍ਰਾਪਤ ਕੀਤਾ ਜਾ ਸਕੇ।
2. ਆਨਲਾਈਨ ਸੈਸ਼ਨਾਂ ਦੀ ਸਮਾਂ-ਸਾਰਣੀ ਪਹਿਲਾਂ ਤੋਂ ਤਿਆਰ ਕਰਕੇ ਸਾਰੇ ਸਕੂਲਾਂ ਨਾਲ ਸਾਂਝੀ ਕੀਤੀ ਜਾਵੇ।
3. ਕੈਂਪ ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਹਾਜ਼ਰੀ, ਕਰਵਾਈਆਂ ਗਈਆਂ ਗਤੀਵਿਧੀਆਂ ਅਤੇ ਫੋਟੋਆਂ/ਸਕ੍ਰੀਨਸ਼ਾਟ ਆਦਿ ਦਾ ਰਿਕਾਰਡ ਸੰਭਾਲਿਆ ਜਾਵੇ।
4. ਕੈਂਪ ਦੇ ਪ੍ਰਭਾਵਸ਼ਾਲੀ ਸੰਚਾਲਨ ਲਈ ਵਿਸ਼ੇਸ਼ ਅਧਿਆਪਕਾਂ, ਰਿਸੋਰਸ ਪਰਸਨਾਂ ਅਤੇ ਸੰਬੰਧਿਤ ਮਾਹਿਰਾਂ ਦੀ ਸਹਾਇਤਾ ਲਈ ਜਾ ਸਕਦੀ ਹੈ।
5. ਹਰੇਕ ਜ਼ਿਲ੍ਹੇ ਵਿੱਚ ਭਾਰਤੀ ਭਾਸ਼ਾ ਸਮਰ ਕੈਂਪ (BBSC) ਦੇ ਸੁਚਾਰੂ ਸੰਚਾਲਨ, ਨਿਗਰਾਨੀ ਅਤੇ ਰਿਪੋਰਟਿੰਗ ਲਈ ਸੰਬੰਧਿਤ ਜ਼ਿਲ੍ਹੇ ਦੇ [DSE/DST] ਨੂੰ ਜ਼ਿਲ੍ਹਾ ਨੋਡਲ ਅਫ਼ਸਰ ਵਜੋਂ ਨਾਮਜ਼ਦ ਕੀਤਾ ਜਾਂਦਾ ਹੈ।

6. ਹਰੇਕ ਸਕੂਲ ਵਿੱਚ ਇਸ ਕੈਂਪ ਦੇ ਸੁਚਾਰੂ ਸੰਚਾਲਨ ਲਈ ਇੱਕ ਸਕੂਲ ਨੋਡਲ ਅਫ਼ਸਰ ਨਿਯੁਕਤ ਕੀਤਾ ਜਾਵੇ।
7. ਜ਼ਿਲ੍ਹਾ ਨੋਡਲ ਅਫ਼ਸਰ ਵੱਲੋਂ ਆਪਣੇ ਜ਼ਿਲ੍ਹੇ ਲਈ ਇੱਕ Google Form/Google Sheet Link ਤਿਆਰ ਕਰਕੇ ਸਮੂਹ ਸਕੂਲਾਂ ਨਾਲ ਸਾਂਝਾ ਕੀਤਾ ਜਾਵੇ ਤਾਂ ਜੋ ਕੈਂਪ ਸਬੰਧੀ ਜਾਣਕਾਰੀ ਦਾ ਡਿਜੀਟਲ ਰਿਕਾਰਡ ਇਕੱਤਰ ਕੀਤਾ ਜਾ ਸਕੇ।
8. Google Form/Google Sheet ਰਾਹੀਂ ਹੇਠ ਲਿਖੀ ਜਾਣਕਾਰੀ ਇਕੱਤਰ ਕੀਤੀ ਜਾਵੇ:-
   - ਸਕੂਲ ਦਾ ਨਾਮ ਅਤੇ UDISE ਕੋਡ
   - ਸਕੂਲ ਨੋਡਲ ਅਫ਼ਸਰ ਦਾ ਨਾਮ ਅਤੇ ਮੋਬਾਈਲ ਨੰਬਰ
   - ਭਾਗ ਲੈਣ ਵਾਲੇ ਅਧਿਆਪਕਾਂ ਦੀ ਗਿਣਤੀ
   - ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ
   - ਭਾਗ ਲੈਣ ਵਾਲੇ ਮਾਪਿਆਂ/ਭਾਈਚਾਰੇ/ਸਮਾਜ ਦੀ ਗਿਣਤੀ (ਜੇਕਰ ਲਾਗੂ ਹੋਵੇ)
   - ਫੋਟੋਆਂ/ਸਕ੍ਰੀਨਸ਼ਾਟ ਜਾਂ Google Drive Link
   - ਵਿਸ਼ੇਸ਼ ਪ੍ਰਾਪਤੀਆਂ/ਉਪਲਬਧੀਆਂ
9. ਕੈਂਪ ਦੇ ਸਫਲ ਆਯੋਜਨ ਲਈ ਜ਼ਿਲ੍ਹਾ ਪੱਧਰ 'ਤੇ ਨਿਯਮਿਤ ਨਿਗਰਾਨੀ ਕੀਤੀ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਸਮੂਹ ਸਕੂਲਾਂ ਵੱਲੋਂ ਸਮੇਂ ਸਿਰ ਜਾਣਕਾਰੀ ਅਪਲੋਡ ਕੀਤੀ ਜਾ ਰਹੀ ਹੈ।
10. ਕੈਂਪ ਦੀ ਸੰਖੇਪ ਜ਼ਿਲ੍ਹਾ ਰਿਪੋਰਟ, ਜਿਸ ਵਿੱਚ ਭਾਗ ਲੈਣ ਵਾਲੇ ਸਕੂਲਾਂ ਦੀ ਗਿਣਤੀ, ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ, ਕਰਵਾਈਆਂ ਗਈਆਂ ਗਤੀਵਿਧੀਆਂ, ਫੋਟੋਗ੍ਰਾਫਿਕ ਸਬੂਤ ਅਤੇ ਪ੍ਰਾਪਤੀਆਂ ਦਾ ਵੇਰਵਾ ਸ਼ਾਮਲ ਹੋਵੇ, ਮਿਤੀ 30-06-2026 ਤੱਕ ਇਸ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।
11. ਇਸ ਸੰਬੰਧੀ ਜ਼ਿਲ੍ਹੇ ਦੀ ਕਿਸੇ ਵੀ NGO ਜਾਂ Indian Sign Language ਅਧਿਆਪਕ ਦੀ ਮੱਦਦ ਲਈ ਜਾ ਸਕਦੀ ਹੈ।

ਇਸ ਮਾਮਲੇ ਨੂੰ ਤਰਜੀਹ ਦੇ ਆਧਾਰ 'ਤੇ ਨਿਪਟਾਇਆ ਜਾਵੇ।

**ਕਿਰਨ ਸ਼ਰਮਾ, ਪੀ.ਸੀ.ਐਸ.**
**ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।**

**ਪਿੰਠ ਅੰਕਣ ਨੰ:- ਉਕਤ** **ਮਿਤੀ: ਐਸ.ਏ.ਐਸ.ਨਗਰ, 05-06-2026**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਐਸ.ਸੀ.ਈ.ਆਰ.ਟੀ., ਪੰਜਾਬ।
2. ਸਮੂਹ ਸਕੂਲ ਮੁੱਖੀ।

**(ਡਾ.ਰਾਜੀਵ ਕੁਮਾਰ)**
**ਸਹਾਇਕ ਡਾਇਰੈਕਟਰ ਐੱਸ.ਸੀ.ਈ.ਆਰ.ਟੀ.,ਪੰਜਾਬ**

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ-ਸਿ) ਬਠਿੰਡਾ।

ਪਿੱਠ ਅੰਕਣ ਨੰ ਬ-6/2026/668 ਮਿਤੀ 16/06/2026

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਤਾਜ਼ੀ ਤਾਜ਼ਾ ਆਤਮ ਰੱਖਿਆ ਸਮਰ ਕੈਂਪ ਮੌਕੇ ਦੀਆਂ ਜਾਣਕਾਰੀ ਅਨੁਸਾਰ ਲਗਾਇਆ ਜਾਣਾ [illegible] ਬੱਚਿਆਂ ਲਈ ਮੁਫ਼ਤ ਕੈਂਪ ਦੇ ਸ੍ਰੀ ਗੁਰਪਾਲ ਸਿੰਘ (ਰੋਣੀ) ਮਾਸਟਰ ਟ੍ਰੇਨਰ ਬਠਿੰਡਾ ਜਿੰਨਾਂ ਸਿੰਘ ਨੈਸ਼ਨਲ ਅਵਾਰਡ ਜੇਤੂ ਹਨ। ਜੇ ਜਾਣਕਾਰੀ ਲੈਣੀ ਹੋਵੇ ਤਾਂ ਸਿੰਘ ਨੈਸ਼ਨਲ ਅਵਾਰਡ ਜੇਤੂ ਹਨ। ਜੇ ਜਾਣਕਾਰੀ ਲੈਣੀ ਹੋਵੇ ਤਾਂ

94171 44473 ਤੇ ਸੰਪਰਕ ਕੀਤਾ ਜਾ ਸਕਦਾ ਹੈ।

16/6/26

ਜ਼ਿਲ੍ਹਾ ਸਿੱਖਿਆ ਅਫਸਰ (ਸੈ-ਸਿ)
ਬਠਿੰਡਾ

16/06/26